


# Single Assessment System [ਸਿੰਗਲ ਅਸੈੱਸਮੈਂਟ ਸਿਸਟਮ]

ਅਸੀਂ ਬਜ਼ੁਰਗ ਲੋਕਾਂ ਦੀ ਦੇਖਭਾਲ ਲਈ ਮੁਲਾਂਕਣ ਕਰਨ ਦੀ ਪ੍ਰਣਾਲੀ ਵਿੱਚ ਸੁਧਾਰ ਕਰ ਰਹੇ ਹਾਂ ਤਾਂ ਜੋ ਤੁਹਾਡੇ ਲਈ ਬਜ਼ੁਰਗਾਂ ਦੀ ਦੇਖਭਾਲ ਲੈਣਾ ਸ਼ੁਰੂ ਕਰਨਾ ਅਤੇ ਤੁਹਾਡੀਆਂ ਜ਼ਰੂਰਤਾਂ ਬਦਲਣ ਦੇ ਨਾਲ ਵੱਖ-ਵੱਖ ਸੇਵਾਵਾਂ ਤੱਕ ਪਹੁੰਚ ਕਰਨਾ ਆਸਾਨ ਹੋ ਸਕੇ।

## Single Assessment System ਕੀ ਹੈ?

ਬਜ਼ੁਰਗਾਂ ਦੀ ਦੇਖਭਾਲ ਲਈ Single Assessment System ਦੇ 3 ਮੁੱਖ ਹਿੱਸੇ ਹਨ:

- **Integrated Assessment Tool (IAT) [ਇੰਟੀਗਰੇਟਡ ਅਸੈੱਸਮੈਂਟ ਟੂਲ]** – ਆਸਟ੍ਰੇਲੀਆਈ ਸਰਕਾਰ ਵੱਲੋਂ ਮਾਲੀ-ਸਹਾਇਤਾ ਪ੍ਰਾਪਤ ਬਜ਼ੁਰਗਾਂ ਦੀ ਦੇਖਭਾਲ ਸੇਵਾ ਲਈ ਯੋਗਤਾ ਮੁਲਾਂਕਣ ਕਰਨ ਦੇ ਨਵੇਂ ਸਾਧਨ ਵਜੋਂ 1 ਜੁਲਾਈ 2024 ਤੋਂ ਸ਼ੁਰੂ ਹੋਇਆ ਹੈ।
- **Single Assessment System ਵਰਕਫੋਰਸ [ਸਿੰਗਲ ਅਸੈੱਸਮੈਂਟ ਸਿਸਟਮ]** 9 ਦਸੰਬਰ 2024 ਤੋਂ 3 ਵੱਖ-ਵੱਖ ਮੁਲਾਂਕਣ ਕਰਨ ਵਾਲੇ ਕਰਮਚਾਰੀਆਂ ਨੂੰ ਇਕੱਠੇ ਕਰੇਗਾ।
- **ਨਵੀਆਂ First Nations assessment organisations [ਫਰਸਟ ਨੇਸ਼ਨਜ਼ ਲੋਕਾਂ ਦੀਆਂ ਮੁਲਾਂਕਣ ਸੰਸਥਾਵਾਂ]** ਬਜ਼ੁਰਗ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਲਈ ਵਧੇਰੇ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਰਸਤੇ ਮੁਹੱਈਆ ਕਰਨ ਲਈ 1 ਜੁਲਾਈ 2025 ਤੋਂ ਸ਼ੁਰੂ ਕੀਤੀਆਂ ਜਾਣਗੀਆਂ।

ਇਹ ਨਵੀਂ ਪ੍ਰਣਾਲੀ ਸਰਕਾਰ ਵੱਲੋਂ ਸਾਰੀਆਂ ਫ਼ੰਡ ਪ੍ਰਾਪਤ ਸੇਵਾਵਾਂ ਘਰ ਵਿੱਚ ਮਿਲਣ ਵਾਲੀ, ਲਚਕੀਲੀ ਦੇਖਭਾਲ ਅਤੇ ਬਜ਼ੁਰਗਾਂ ਦੀ ਰਿਹਾਇਸ਼ੀ ਦੇਖਭਾਲ ਸੇਵਾ ਵਿੱਚ ਦਾਖਲੇ ਲਈ ਇੱਕੋ ਮੁਲਾਂਕਣ ਕਰਨ ਦਾ ਰਸਤਾ ਉਪਲਬਧ ਕਰਵਾਏਗੀ। ਇਹ ਪ੍ਰਣਾਲੀ:

- ਤੁਹਾਡੇ, ਤੁਹਾਡੇ ਪਰਿਵਾਰ ਅਤੇ ਦੇਖਭਾਲ ਕਰਨ ਵਾਲਿਆਂ ਲਈ ਵਧੇਰੇ ਸੌਖੀ ਹੋਵੇਗੀ
- ਯਕੀਨੀ ਬਣਾਏਗੀ ਕਿ ਤੁਹਾਨੂੰ ਆਪਣੀ ਕਹਾਣੀ ਸਿਰਫ਼ ਇੱਕ ਵਾਰ ਹੀ ਦੱਸਣੀ ਪਵੇ
- ਤੁਹਾਡੀਆਂ ਜ਼ਰੂਰਤਾਂ ਦੇ ਅਨੁਸਾਰ ਬਦਲੇਗੀ, ਤੁਹਾਨੂੰ ਮੁਲਾਂਕਣ ਪ੍ਰਦਾਤਾ ਨੂੰ ਬਦਲਣ ਦੀ ਲੋੜ ਨਹੀਂ ਹੋਵੇਗੀ
- ਖੇਤਰੀ, ਪੇਂਡੂ ਅਤੇ ਦੂਰ-ਦਰਾਜ਼ ਦੇ ਇਲਾਕਿਆਂ ਵਿੱਚ ਮੁਲਾਂਕਣਾਂ ਤੱਕ ਪਹੁੰਚ ਯਕੀਨੀ ਬਣਾਏਗੀ
- ਮੁਲਾਂਕਣਾਂ ਲਈ ਘੱਟ ਉਡੀਕ ਸਮਾਂ ਹੋਵੇਗਾ।

ਬਜ਼ੁਰਗ ਦੇਖਭਾਲ ਲਈ ਯੋਗਤਾ ਦੀਆਂ ਸ਼ਰਤਾਂ ਜਾਂ ਫੌਰੀ ਸੇਵਾਵਾਂ ਲਈ ਰੈਫ਼ਰਲ ਵਿੱਚ ਕੋਈ ਬਦਲਾਅ ਨਹੀਂ ਆਵੇਗਾ।

## Single Assessment System ਵਰਕਫੋਰਸ ਕੀ ਹੈ?

ਪਹਿਲਾਂ, ਮੁਲਾਂਕਣ ਕਰਨ ਲਈ ਵੱਖ-ਵੱਖ ਰਸਤੇ ਹੁੰਦੇ ਸਨ। ਨਤੀਜੇ ਵਜੋਂ, ਮੁਲਾਂਕਣ ਇਕਸਾਰ ਨਹੀਂ ਹੁੰਦੇ ਸਨ ਅਤੇ ਬਜ਼ੁਰਗ ਲੋਕਾਂ ਨੂੰ ਅਕਸਰ ਆਪਣੀਆਂ ਜ਼ਰੂਰਤਾਂ ਬਦਲਣ ਦੇ ਨਾਲ  ਵੱਖ-ਵੱਖ ਸੰਸਥਾਵਾਂ ਵਿੱਚ ਜਾਣਾ ਪੈਂਦਾ ਸੀ।

Single Assessment System ਵਰਕਫੋਰਸ ਮੁਲਾਂਕਣ ਦਾ ਸਿਰਫ਼ ਇੱਕ ਹੀ ਰਸਤਾ ਪ੍ਰਦਾਨ ਕਰਦਾ ਹੈ ਜੋ ਮੁਲਾਂਕਣ ਪ੍ਰਦਾਤਾਵਾਂ ਨੂੰ ਬਦਲਣ ਦੀ ਲੋੜ ਤੋਂ ਬਗ਼ੈਰ, ਬਦਲਦੀਆਂ ਜ਼ਰੂਰਤਾਂ ਦੇ ਅਨੁਸਾਰ ਤੁਰੰਤ ਢਲ ਸਕਦੀ ਹੈ।

9 ਦਸੰਬਰ 2024 ਤੋਂ, **aged care needs assessments [ਬਜ਼ੁਰਗ ਦੇਖਭਾਲ ਦੀਆਂ ਜ਼ਰੂਰਤਾਂ ਦੇ ਮੁਲਾਂਕਣ]** ਕਰਨ ਵਾਲੀਆਂ ਸਾਰੀਆਂ ਸੰਸਥਾਵਾਂ ਹੇਠ ਲਿਖੇ ਦੋਵੇਂ ਮੁਲਾਂਕਣ ਕਰਨ ਦੇ ਯੋਗ ਹੋਣਗੀਆਂ:

- ਕਾਮਨਵੈਲਥ ਹੋਮ ਸਪੋਰਟ ਪ੍ਰੋਗਰਾਮ (CHSP) ਲਈ **home support assessments [ਘਰ ਵਿੱਚ ਸਹਾਇਤਾ ਲਈ ਮੁਲਾਂਕਣ]**
- ਹੋਮ ਕੇਅਰ ਪੈਕੇਜ (HCP) ਪ੍ਰੋਗਰਾਮ, ਲਚਕਦਾਰ ਬਜ਼ੁਰਗ ਦੇਖਭਾਲ ਪ੍ਰੋਗਰਾਮ, ਰਿਹਾਇਸ਼ੀ ਦੇਖਭਾਲ (ਰਿਸਪਾਈਟ) ਅਤੇ ਰਿਹਾਇਸ਼ੀ ਬਜ਼ੁਰਗ ਦੇਖਭਾਲ ਵਿੱਚ ਦਾਖ਼ਲੇ ਲਈ **comprehensive assessments [ਵਿਆਪਕ ਮੁਲਾਂਕਣ]**।

ਕੁੱਝ ਮੁਲਾਂਕਣ ਸੰਸਥਾਵਾਂ ਬਜ਼ੁਰਗ ਵਿਅਕਤੀ ਦੇ ਰਿਹਾਇਸ਼ੀ ਬਜ਼ੁਰਗ ਦੇਖਭਾਲ ਵਿੱਚ ਸੈਟਲ ਹੋਣ ਤੋਂ ਬਾਅਦ ਉਸਦੀ Australian National Aged Care Classification (AN-ACC) [ਆਸਟ੍ਰੇਲੀਅਨ ਨੈਸ਼ਨਲ ਏਜਡ ਕੇਅਰ ਵਰਗੀਕਰਨ] ਨੂੰ ਨਿਰਧਾਰਤ ਕਰਨ ਲਈ **residential aged care funding assessment** [**ਰਿਹਾਇਸ਼ੀ ਬਜ਼ੁਰਗ ਦੇਖਭਾਲ ਫੰਡਿੰਗ ਮੁਲਾਂਕਣ**] ਕਰਨਗੀਆਂ।

ਜ਼ਿਆਦਾਤਰ residential aged care funding assessment ਸੰਸਥਾਵਾਂ ਆਸਟ੍ਰੇਲੀਆ ਭਰ ਵਿੱਚ ਉਪਲਬਧਤਾ ਅਤੇ ਪਹੁੰਚ ਨੂੰ ਵਧਾਉਣ ਲਈ aged care needs assessments ਵੀ ਕਰਨਗੀਆਂ।

ਰਾਜ ਅਤੇ ਕੇਂਦਰੀ-ਪ੍ਰਦੇਸ਼ਾਂ ਦੀਆਂ ਸਰਕਾਰਾਂ ਹਸਪਤਾਲ-ਅਧਾਰਿਤ ਮੁਲਾਂਕਣ ਪ੍ਰਦਾਨ ਕਰਨਾ ਜਾਰੀ ਰੱਖਣਗੀਆਂ। ਜੇਕਰ ਤੁਹਾਨੂੰ ਹਸਪਤਾਲ ਵਿੱਚ ਦਾਖ਼ਲ ਹੋਣ ਦੌਰਾਨ ਮੁਲਾਂਕਣ ਦੀ ਲੋੜ ਹੋਵੇ, ਤਾਂ ਤੁਹਾਨੂੰ ਅਗਲਾ ਉਪਲਬਧ ਮੁਲਾਂਕਣਕਰਤਾ ਨਿਰਧਾਰਤ ਕੀਤਾ ਜਾਵੇਗਾ।

Department of Health and Aged Care [ਸਿਹਤ ਅਤੇ ਬਜ਼ੁਰਗ ਦੇਖਭਾਲ ਵਿਭਾਗ] ਨਵੀਆਂ ਅਤੇ ਪਿੱਛੇ ਹੱਟ ਰਹੀਆਂ ਮੁਲਾਂਕਣ ਸੰਸਥਾਵਾਂ ਨਾਲ ਮਿਲਕੇ ਨਜ਼ਦੀਕੀ ਤੌਰ 'ਤੇ ਕੰਮ ਕਰੇਗਾ, ਤਾਂ ਜੋ Single Assessment System ਵਰਕਫੋਰਸ ਵੱਲ ਸੁਚਾਰੂ ਤਬਦੀਲੀ ਹੋਵੇ ਅਤੇ ਸੇਵਾਵਾਂ ਵਿੱਚ ਕੋਈ ਰੁਕਾਵਟ ਨਾ ਆਵੇ।

## ਮੈਂ aged care needs assessment ਲਈ ਕਿਵੇਂ ਅਰਜ਼ੀ ਦੇਵਾਂ?

Aged care needs assessment ਲਈ ਅਰਜ਼ੀ ਦੇਣ ਦੀ ਪ੍ਰਕਿਰਿਆ ਵਿੱਚ ਕੋਈ ਤਬਦੀਲੀ ਨਹੀਂ ਆਈ ਹੈ। ਪਰ Single Assessment System ਇਸ ਪ੍ਰਕਿਰਿਆ ਨੂੰ ਹੋਰ ਸੌਖਾ ਅਤੇ ਸੁਚੱਜਾ ਬਣਾਉਣ ਦੀ ਕੋਸ਼ਿਸ਼ ਕਰਦਾ ਹੈ।

ਤੁਹਾਨੂੰ ਜਾਂ ਤੁਹਾਡੀ ਵਕਾਲਤ ਕਰਨ ਵਾਲੇ ਕਿਸੇ ਵਿਅਕਤੀ (ਉਦਾਹਰਨ ਵਜੋਂ ਪਰਿਵਾਰਕ ਮੈਂਬਰ ਜਾਂ ਦੇਖਭਾਲ ਕਰਨ ਵਾਲੇ) ਨੂੰ ਇਹ ਕਰਨ ਦੀ ਲੋੜ ਹੋਵੇਗੀ:

- ਔਨਲਾਈਨ ਮੁਲਾਂਕਣ ਲਈ ਅਰਜ਼ੀ ਦੇਣ' ਲਈ My Aged Care [ਮਾਈ ਏਜ਼ਡ ਕੇਅਰ] ਵੈੱਬਸਾਈਟ 'ਤੇ ਜਾਓ।
- My Aged Care ਨੂੰ **1800 200 422** 'ਤੇ ਫ਼ੋਨ ਕਰੋ (ਮੁਫ਼ਤ ਕਾਲ) – ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸਵੇਰੇ 8 ਵਜੇ ਤੋਂ ਰਾਤ 8 ਵਜੇ ਤੱਕ ਅਤੇ ਸ਼ਨੀਵਾਰ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ (ਸਥਾਨਕ ਸਮੇਂ ਅਨੁਸਾਰ)
- ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਦੇ ਵਿਚਕਾਰ **1800 277 475** 'ਤੇ ਫ਼ੋਨ ਕਰਕੇ ਚੋਣਵੇਂ Services Australia ਸੇਵਾ ਕੇਂਦਰਾਂ 'ਤੇ Aged Care Specialist Officer (ACSO) [ਏਜ਼ਡ ਕੇਅਰ ਸਪੈਸ਼ਲਿਸਟ ਅਫ਼ਸਰ] ਨਾਲ ਆਹਮੋ-ਸਾਹਮਣੇ ਮੁਲਾਕਾਤ ਬੁੱਕ ਕਰੋ।

My Aged Care ਇਹ ਕਰ ਸਕਦਾ ਹੈ:

- ਜੇਕਰ ਤੁਸੀਂ ਪਹਿਲੀ ਵਾਰ ਫ਼ੋਨ ਕਰ ਰਹੇ ਹੋ ਤਾਂ ਤੁਹਾਨੂੰ My Aged Care ਨਾਲ ਰਜਿਸਟਰ ਕਰਾ ਸਕਦਾ ਹੈ
- ਤੁਹਾਨੂੰ ਲੋੜੀਂਦੀਆਂ ਬਜ਼ੁਰਗ ਦੇਖਭਾਲ ਸੇਵਾਵਾਂ ਬਾਰੇ ਚਰਚਾ ਕਰਨ ਲਈ ਕੁੱਝ ਸ਼ੁਰੂਆਤੀ ਸਵਾਲ ਪੁੱਛ ਸਕਦਾ ਹੈ
- ਤੁਹਾਨੂੰ ਤੁਹਾਡੇ ਸਥਾਨਕ ਖੇਤਰ ਵਿੱਚ ਕਿਸੇ ਮੁਲਾਂਕਣ ਸੰਸਥਾ ਕੋਲ ਭੇਜ ਸਕਦਾ ਹੈ।

ਇੱਕ ਮੁਲਾਂਕਣ ਸੰਸਥਾ ਦਾ Triage Delegate [ਟ੍ਰਾਈਏਜ ਡੈਲੀਗੇਟ] ਤੁਹਾਡੇ ਰੈਫ਼ਰਲ ਨੂੰ ਸਵੀਕਾਰ ਕਰਨ ਦੇ 2 ਹਫ਼ਤਿਆਂ ਦੇ ਅੰਦਰ ਤੁਹਾਨੂੰ ਫ਼ੋਨ ਕਰੇਗਾ। ਇਹ ਤੁਹਾਡੀਆਂ ਲੋੜਾਂ ਲਈ ਸਹੀ ਕਿਸਮ ਦੀ aged care needs assessment ਵਿੱਚ ਬੁੱਕ ਕੀਤੇ ਜਾਣ ਵਿੱਚ ਸਹਾਇਤਾ ਕਰਨ ਲਈ ਇੱਕ ਛੋਟੀ ਜਿਹੀ ਕਾਲ ਹੋਵੇਗੀ।

## ਮੈਂ ਆਪਣੇ ਮੁਲਾਂਕਣ ਦੀ ਉਡੀਕ ਕਰ ਰਿਹਾ/ਰਹੀ ਹਾਂ, ਹੁਣ ਕੀ ਹੋਵੇਗਾ?

ਜੇਕਰ ਤੁਸੀਂ ਪਹਿਲਾਂ ਹੀ My Aged Care ਨਾਲ ਸੰਪਰਕ ਕਰ ਚੁੱਕੇ ਹੋ ਅਤੇ ਕਿਸੇ ਮੁਲਾਂਕਣ ਸੰਸਥਾ ਦੇ ਤੁਹਾਡੇ ਨਾਲ ਸੰਪਰਕ ਕਰਨ ਦੀ ਉਡੀਕ ਕਰ ਰਹੇ ਹੋ, ਤਾਂ ਤੁਹਾਨੂੰ ਇਸ ਪੜਾਅ 'ਤੇ ਹੋਰ ਕੁੱਝ ਕਰਨ ਦੀ ਲੋੜ ਨਹੀਂ ਹੈ। ਸਥਾਨਕ ਮੁਲਾਂਕਣ ਸੰਸਥਾ ਤੁਹਾਡੇ ਰੈਫ਼ਰਲ ਨੂੰ ਸਵੀਕਾਰ ਕਰਨ ਦੇ 2 ਹਫ਼ਤਿਆਂ ਦੇ ਅੰਦਰ ਮੁਲਾਂਕਣ ਬੁੱਕ ਕਰਨ ਲਈ ਤੁਹਾਨੂੰ ਫ਼ੋਨ ਕਰੇਗੀ।

ਜੇਕਰ ਤੁਸੀਂ ਪਹਿਲਾਂ ਹੀ ਮੁਲਾਂਕਣ ਬੁੱਕ ਕਰਵਾ ਚੁੱਕੇ ਹੋ, ਤਾਂ ਕੁੱਝ ਵੀ ਨਹੀਂ ਬਦਲੇਗਾ। ਤੁਹਾਡੇ ਬੁੱਕ ਕੀਤੇ ਸਮੇਂ ਅਤੇ ਮਿਤੀ 'ਤੇ ਤੁਹਾਡਾ ਮੁਲਾਂਕਣ ਕਰਨ ਲਈ ਇੱਕ ਮੁਲਾਂਕਣਕਰਤਾ ਤੁਹਾਡੇ ਘਰ ਆਵੇਗਾ।

## ਕੀ ਮੁਲਾਂਕਣ ਕਰਨ ਦੇ ਢੰਗ ਵਿੱਚ ਕੋਈ ਤਬਦੀਲੀ ਆਵੇਗੀ?

ਮੁਲਾਂਕਣ ਪਹਿਲਾਂ ਵਾਂਗ ਹੀ ਤੁਹਾਡੇ ਘਰ ਵਿੱਚ ਜਾਂ ਲੋੜ ਪੈਣ 'ਤੇ ਸਿੱਧੇ ਤੌਰ 'ਤੇ ਹਸਪਤਾਲ ਵਿੱਚ ਕੀਤੇ ਜਾਣਗੇ।

Single Assessment System ਲਚਕਦਾਰ ਹੈ ਅਤੇ ਬਜ਼ੁਰਗ ਵਿਅਕਤੀ ਨੂੰ ਮੁਲਾਂਕਣ ਸੰਸਥਾਵਾਂ ਨੂੰ ਬਦਲਣ ਦੀ ਲੋੜ ਪਏ ਬਗ਼ੈਰ ਇਹ ਤੁਹਾਡੀਆਂ ਬਦਲਦੀਆਂ ਜ਼ਰੂਰਤਾਂ ਦੇ ਅਨੁਸਾਰ ਢਲ ਜਾਵੇਗਾ।

ਤੁਹਾਡੇ ਮੁਲਾਂਕਣ ਦੌਰਾਨ, ਤੁਹਾਨੂੰ ਉਸੇ ਮੁਲਾਂਕਣ ਸੰਸਥਾ ਦੁਆਰਾ ਸਹਾਇਤਾ ਦਿੱਤੀ ਜਾਵੇਗੀ ਭਾਵੇਂ ਉਹ ਤੁਹਾਡੀਆਂ ਜ਼ਰੂਰਤਾਂ ਵਿੱਚ ਤਬਦੀਲੀ ਦੀ ਪਛਾਣ ਕਰਦੇ ਹਨ:

- ਜੇਕਰ ਕਲੀਨੀਕਲ ਮੁਲਾਂਕਣਕਰਤਾ ਦੁਆਰਾ ਇੱਕ comprehensive assessment [ਸੰਪੂਰਨ ਮੁਲਾਂਕਣ] ਹੋ ਰਿਹਾ ਹੋਵੇ, ਤਾਂ ਉਹ ਮੁਲਾਂਕਣ ਨੂੰ ਲੋੜ ਪੈਣ 'ਤੇ home support assessment ਵਿੱਚ ਬਦਲ ਸਕਦੇ ਹਨ।
- ਜੇਕਰ ਗ਼ੈਰ-ਕਲੀਨੀਕਲ ਮੁਲਾਂਕਣਕਰਤਾ ਵੱਲੋਂ ਤੁਹਾਡਾ home support assessment ਹੋ ਰਿਹਾ ਹੋਵੇ, ਤਾਂ ਉਹ ਉਹਨਾਂ ਪ੍ਰਸ਼ਨਾਂ 'ਤੇ ਚਰਚਾ ਕਰਨ ਲਈ ਕਲੀਨੀਕਲ ਮੁਲਾਂਕਣਕਰਤਾ ਨੂੰ ਫ਼ੋਨ ਜਾਂ ਵੀਡੀਓ ਕਾਨਫਰੰਸ ਰਾਹੀਂ ਸੰਪਰਕ ਕਰ ਸਕਦੇ ਹਨ, ਜਿਨ੍ਹਾਂ ਲਈ ਕਲੀਨੀਕਲ ਵਿਚਾਰ ਦੀ ਲੋੜ ਹੁੰਦੀ ਹੈ। ਜੇਕਰ ਕਲੀਨੀਕਲ ਮੁਲਾਂਕਣਕਰਤਾ ਤੁਰੰਤ ਉਪਲਬਧ ਨਾ ਹੋਵੇ, ਤਾਂ ਉਹ ਬਾਅਦ ਵਿੱਚ ਫ਼ੋਨ ਕਰਨਗੇ ਜਾਂ ਅਗਲੇ ਮੁਲਾਂਕਣ ਦਾ ਸਮਾਂ ਨਿਰਧਾਰਤ ਕਰਨਗੇ, ਤਾਂ ਜੋ ਬਾਕੀ ਬਚੇ ਕਲੀਨੀਕਲ ਸਵਾਲ ਪੁੱਛੇ ਜਾ ਸਕਣ।

## ਕੀ ਪੁਨਰ-ਮੁਲਾਂਕਣ ਵਿੱਚ ਕੋਈ ਤਬਦੀਲੀਆਂ ਆਉਣਗੀਆਂ?

### Aged care needs assessments

ਪੁਨਰ-ਮੁਲਾਂਕਣ ਅਤੇ Support Plan Reviews [ਸਹਾਇਤਾ ਯੋਜਨਾ ਸਮੀਖਿਆਵਾਂ] ਦੀ ਪ੍ਰਕਿਰਿਆ ਵਿੱਚ ਕੋਈ ਤਬਦੀਲੀ ਨਹੀਂ ਆਈ ਹੈ - ਜੇਕਰ ਤੁਹਾਡੀਆਂ ਜ਼ਰੂਰਤਾਂ ਬਦਲਦੀਆਂ ਹਨ, ਤਾਂ ਤੁਹਾਨੂੰ, ਕਿਸੇ ਪਰਿਵਾਰਕ ਮੈਂਬਰ ਜਾਂ ਬਜ਼ੁਰਗ ਦੇਖਭਾਲ ਪ੍ਰਦਾਤਾ ਨੂੰ My Aged Care ਨਾਲ ਸੰਪਰਕ ਕਰਨ ਦੀ ਜ਼ਰੂਰਤ ਹੋਵੇਗੀ।

Single Assessment System ਦੇ ਅਧੀਨ, ਤੁਹਾਡਾ ਪਹਿਲਾ ਪੁਨਰ-ਮੁਲਾਂਕਣ ਜਾਂ Support Plan Reviews ਕਿਸੇ ਵੱਖਰੀ ਮੁਲਾਂਕਣ ਸੰਸਥਾ ਵੱਲੋਂ ਕੀਤਾ ਜਾ ਸਕਦਾ ਹੈ।

ਇਸ ਤੋਂ ਬਾਅਦ, ਤੁਸੀਂ ਆਪਣੇ ਸਾਰੇ ਭਵਿੱਖ ਦੇ ਪੁਨਰ-ਮੁਲਾਂਕਣਾਂ ਲਈ ਉਹੀ ਮੁਲਾਂਕਣ ਸੰਸਥਾ ਨਾਲ ਜੁੜੇ ਰਹੋਗੇ। ਮੁਲਾਂਕਣਕਰਤਾ Support Plan Reviews ਲਈ ਆਪਣੇ ਆਪ ਨੂੰ ਸਵੈ-ਰੈਫ਼ਰ ਕਰਨ ਦੀ ਸਮਰਥਾ ਰੱਖਦੇ ਹਨ, ਜਿਸ ਨਾਲ ਇਹ ਯਕੀਨੀ ਬਣਾਇਆ ਜਾ ਸਕੇਗਾ ਕਿ ਤੁਸੀਂ ਪਹਿਲਾਂ ਵਾਲੀ ਸੰਸਥਾ ਨਾਲ ਹੀ ਜੁੜੇ ਰਹੋ।

### Residential aged care funding assessment [ਰਿਹਾਇਸ਼ੀ ਬਜ਼ੁਰਗ ਦੇਖਭਾਲ ਫੰਡਿੰਗ ਮੁਲਾਂਕਣ]

Residential aged care funding reassessments ਦੀ ਪ੍ਰਕਿਰਿਆ ਵਿੱਚ ਕੋਈ ਤਬਦੀਲੀ ਨਹੀਂ ਆਈ ਹੈ।

ਜ਼ਿਆਦਾਤਰ ਮਾਮਲਿਆਂ ਵਿੱਚ, ਤੁਹਾਡਾ ਰਿਹਾਇਸ਼ੀ ਬਜ਼ੁਰਗ ਦੇਖਭਾਲ ਪ੍ਰਦਾਤਾ ਤੁਹਾਡੀਆਂ ਬਦਲਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਤੁਹਾਡੇ AN-ACC ਵਰਗੀਕਰਨ ਵਿੱਚ ਫੇਰ-ਬਦਲ ਕਰਨ ਲਈ ਪੁਨਰ-ਮੁਲਾਂਕਣ ਦੀ ਬੇਨਤੀ ਕਰੇਗਾ। ਇੱਕ ਸਥਾਈ ਬਜ਼ੁਰਗ ਦੇਖਭਾਲ ਨਿਵਾਸੀ ਹੋਣ ਦੇ ਨਾਤੇ, ਤੁਸੀਂ ਜਾਂ ਤੁਹਾਡਾ ਪਰਿਵਾਰ My Aged Care ਨਾਲ ਸੰਪਰਕ ਕਰਕੇ ਪੁਨਰ-ਮੁਲਾਂਕਣ ਦੀ ਬੇਨਤੀ ਵੀ ਕਰ ਸਕਦੇ ਹੋ।

Residential aged care funding assessments ਵਿੱਚ ਰੈਫ਼ਰਲ ਦੇਣ ਲਈ ਇੱਕ ਆਟੋਮੈਟਿਕ ਪ੍ਰਕਿਰਿਆ ਹੁੰਦੀ ਹੈ। ਇਸ ਨਾਲ ਇਹ ਯਕੀਨ ਨਹੀਂ ਬਣਾਇਆ ਜਾ ਸਕਦਾ ਕਿ ਤੁਹਾਨੂੰ ਉਹੀ ਮੁਲਾਂਕਣ ਸੰਸਥਾ ਜਾਂ ਉਹੀ ਮੁਲਾਂਕਣਕਰਤਾ ਮਿਲੇਗਾ।

## ਵਧੇਰੇ ਜਾਣਕਾਰੀ

My Aged Care ਵੈੱਬਸਾਈਟ ’ਤੇ ਜਾ ਕੇ ਤੁਸੀਂ ਹੇਠ ਲਿਖੀਆਂ ਚੀਜ਼ਾਂ ਬਾਰੇ ਹੋਰ ਜਾਣਕਾਰੀ ਲੈ ਸਕਦੇ ਹੋ:

- ਮੁਲਾਂਕਣ ਪ੍ਰਕਿਰਿਆ
- ਮੁਲਾਂਕਣ ਲਈ ਅਰਜ਼ੀ ਕਿਵੇਂ ਦੇਣੀ ਹੈ
- ਮੁਲਾਂਕਣ ਦੀ ਤਿਆਰੀ ਕਿਵੇਂ ਕਰਨੀ ਹੈ
- ਪੁਨਰ-ਮੁਲਾਂਕਣ ਕਦੋਂ ਕਰਵਾਉਣਾ ਹੈ।

ਜੇਕਰ ਤੁਹਾਡੇ ਹੋਰ ਸਵਾਲ ਹਨ, ਤਾਂ ਕਿਰਪਾ ਕਰਕੇ My Aged Care ਨਾਲ **1800 200 422**‘ਤੇ ਸੰਪਰਕ ਕਰੋ।

ਜਾਂ ਫਿਰ, ਤੁਸੀਂ ACSO ਨਾਲ ਨਿੱਜੀ ਰੂਪ ਵਿੱਚ ਮਿਲਣ ਲਈ ਮੁਲਾਕਾਤ ਬੁੱਕ ਕਰਨ ਲਈ **1800 277 475** ‘ਤੇ ਫ਼ੋਨ ਕਰ ਸਕਦੇ ਹੋ ਜਾਂ Services Australia ਦੇ ਸੇਵਾ ਕੇਂਦਰ ’ਤੇ ਜਾ ਸਕਦੇ ਹੋ।

**This has been translated into Punjabi. To read this fact sheet in other languages, visit the department’s website.**